# ਅਧਿਆਇ 23

# ਅੱਯੂਬ ਦਾ ਉੱਤਰ

## (ਭਾਗ 1)

ਅਧਿਆਇ 23 ਦੇ ਵਿਸ਼ੇ ਵਿਚ, ਸੈਮੂਏਲ ਕੌਕਸ ਨੇ ਲਿਖਿਆ,

> [ਇਹ] ਸਰਵਉੱਚ ਜੱਜ ਦੀ ਬਰਾਬਰੀ ਵਿਚ ਸ੍ਰੇਸ਼ਠ ਅਤੇ ਅਟੱਲ ਵਿਸ਼ਵਾਸ ਦੁਆਰਾ ਪ੍ਰੇਰਿਤ ਹੈ ... ਪਰਮੇਸ਼ੁਰ ਸੱਚਾ ਹੈ; ਅੱਯੂਬ ਸਹੀ ਹੈ: ਪਰ ਸਿੱਧਾ ਆਦਮੀ ਕਿਵੇਂ ਉਸ ਰੱਬੀ ਨਿਆਈਂ ਦੇ ਤਖ਼ਤ ਤੱਕ ਪਹੁੰਚ ਸਕਦਾ ਹੈ ਜੋ ਉਸ ਦੇ ਨਾਲ ਹੈ ਅਤੇ ਜੋ ਗੈਰ ਹਾਜ਼ਰ ਹੈ; ਪਰ ਪੂਰਨ ਤੌਰ ਤੇ ਮੌਜੂਦ ਹੈ, ਪਰ ਦਿਖਾਈ ਨਹੀਂ ਦਿੰਦਾ; ਮਹਿਸੂਸ ਹੁੰਦਾ ਹੈ, ਪਰ ਸਮਝਿਆ ਨਹੀਂ ਜਾਂਦਾ? ਇਹ ਉਹ ਪ੍ਰਸ਼ਨ ਹੈ ਜੋ ਅੱਯੂਬ ਦੇ ਮਨ ਨੂੰ ਉਤੇਜਿਤ ਕਰਦਾ ਹੈ।[1]

## "ਓਹ, ਤਾਂ ਜੋ ਮੈਂ ਆਪਣਾ ਦਾਵਾ ਪਰਮੇਸ਼ੁਰ ਦੇ ਅੱਗੇ ਪੇਸ਼ ਕਰ ਸਕਾਂ" (23:1-7)

**1ਤਾਂ ਅੱਯੂਬ ਨੇ ਉੱਤਰ ਦੇ ਕੇ ਆਖਿਆ, 2ਅਜੇ ਵੀ ਮੇਰਾ ਗਿਲਾ ਕੌੜਾ ਹੈ, ਮੇਰੀ ਮਾਰ
ਮੇਰੇ ਹੂੰਗਣ ਨਾਲੋਂ ਵੀ ਭਾਰੀ ਹੈ। 3ਕਾਸ਼ ਕਿ ਮੈਂ ਜਾਣਦਾ ਭਈ ਮੈਂ ਉਹ ਨੂੰ ਕਿੱਥੇ ਲੱਭਾਂ, ਤਾਂ ਮੈਂ
ਉਹ ਦੇ ਵਸੇਬੇ ਤੀਕ ਜਾਂਦਾ। 4ਮੈਂ ਆਪਣਾ ਦਾਵਾ ਉਹ ਦੇ ਸਾਹਮਣੇ ਪੇਸ਼ ਕਰਦਾ, ਅਤੇ ਆਪਣਾ
ਮੂੰਹ ਦਲੀਲਾਂ ਨਾਲ ਭਰਦਾ। 5ਮੈਂ ਉਨ੍ਹਾਂ ਗੱਲਾਂ ਨੂੰ ਜਾਣ ਲੈਂਦਾ ਜਿਨ੍ਹਾਂ ਨਾਲ ਉਹ ਮੈਨੂੰ ਉੱਤਰ
ਦਿੰਦਾ, ਅਤੇ ਸਮਝ ਲੈਂਦਾ ਭਈ ਉਹ ਮੈਨੂੰ ਕੀ ਆਖਦਾ। 6ਕੀ ਉਹ ਆਪਣੀ ਸ਼ਕਤੀ ਦੀ
ਵਡਿਆਈ ਅਨੁਸਾਰ ਮੇਰੇ ਨਾਲ ਲੜਦਾ? ਨਹੀਂ, ਸਗੋਂ ਉਹ ਮੇਰੀ ਵੱਲ ਧਿਆਨ ਕਰਦਾ।
7ਉੱਥੇ ਨੇਕ ਜਨ ਉਹ ਦੇ ਨਾਲ ਬਹਿਸ ਕਰਦਾ, ਅਤੇ ਮੈਂ ਸਦਾ ਲਈ ਆਪਣੇ ਨਿਆਈ ਤੋਂ
ਛੁਡਾਇਆ ਜਾਂਦਾ।**

**ਆਇਤਾਂ 1, 2. ਅੱਯੂਬ** ਨੇ ਇਹ ਵਿਸ਼ਵਾਸ ਕੀਤਾ ਕਿ ਪਰਮੇਸ਼ੁਰ ਹੀ ਉਸ ਦੇ ਦਰਦ ਦਾ ਸੋਮਾ ਸੀ। ਇਸ ਪੈਰੇ ਵਿਚ ਪਰਮੇਸ਼ੁਰ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਪੜਨਾਂਵਾਂ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਅੱਯੂਬ ਉਸੇ ਦਾ ਹਵਾਲਾ ਦੇ ਰਿਹਾ ਸੀ। ਨਿਸ਼ਚਤ ਤੌਰ ਤੇ ਉਸ ਦੇ **ਗਿਲਾ** (ਗਿਲੇ) ਨੂੰ ਉਸ ਦੇ ਮਿੱਤਰਾਂ ਨੇ **ਵਿਦਰੋਹ** (מְרִי, *ਮੇਰੀ)*[2] ਸਮਝਿਆ। ਸਿਰਫ ਇਕ ਇਹੋ ਸਮਾਂ ਹੈ ਜਦੋਂ ਇਹ ਇਬਰਾਨੀ ਸ਼ਬਦ ਅੱਯੂਬ ਦੀ ਪੁਸਤਕ ਦੇ ਵਿਚ ਆਉਂਦਾ ਹੈ। "ਵਿਦਰੋਹ" ਦੇ ਲਈ ਹੋਰ ਸਧਾਰਣ ਸ਼ਬਦ פֶּשַׁע *(ਪੇਸ਼ਾ)* ਹੈ।

**ਆਇਤ 3.** ਅੱਯੂਬ ਪਰਮੇਸ਼ੁਰ ਨੂੰ **ਲੱਭਾਂ** (ਲੱਭਣ) ਦੇ ਲਈ, **ਉਹ ਦੇ ਵਸੇਬੇ** ਤੀਕ ਪਹੁੰਚਣ ਦੇ ਲਈ ਤਰਸ ਰਿਹਾ ਸੀ। ਸ਼ਬਦ "ਵਸੇਬੇ (ਵਸੇਬਾ)" (תְּכוּנָה, *ਥਕੂਨਾਹ)* ਹੈ ਜਿਸ ਦਾ ਸ਼ਾਬਦਿਕ ਅਰਥ "ਇਕ ਨਿਰਧਾਰਤ ਸਥਾਨ" ਹੈ। "ਇਸ ਪ੍ਰਸੰਗ ਵਿਚ ਇਸ ਦਾ ਅਰਥ

'ਸਿੰਘਾਸਣ' ਲਿਆ ਜਾਂਦਾ ਹੈ। ਇਹ ਸ਼ਬਦ ਇਕ ਨੀਂਹ ਨੂੰ ਦਰਸਾਉਂਦਾ ਹੈ ਜੋ ਇਕ ਇਮਾਰਤ ਨੂੰ ਸੰਭਾਲਦੀ ਹੈ; ਤਾਂ ਸਿੰਘਾਸਣ ਨੂੰ ਇਕ ਰਾਜੇ ਦੇ ਰਾਜ ਦੀ ਨੀਂਹ ਦੇ ਰੂਪ ਵਿਚ ਵੇਖਿਆ ਜਾਂਦਾ ਹੈ।"[3] ਅੱਯੂਬ ਸਭ ਤੋਂ ਵੱਧ ਕੇ ਇਹੋ ਚਾਹੁੰਦਾ ਸੀ ਕਿ ਉਹ ਪਰਮੇਸ਼ੁਰ ਦੇ ਨਾਲ ਗੱਲ ਕਰੇ।

**ਆਇਤ 4.** ਕਾਨੂੰਨ ਦੀ ਨਿਆਂ-ਸਬੰਧੀ ਭਾਸ਼ਾ ਦੀ ਵਰਤੋਂ ਕਰਦੇ ਹੋਏ, ਅੱਯੂਬ ਆਪਣੇ **ਦਾਵਾ** (ਦਾਵੇ) ਨੂੰ ਸਿਰਫ਼ ਉਸੇ ਦੇ ਸਾਹਮਣੇ ਰੱਖਣਾ ਚਾਹੁੰਦਾ ਸੀ ਜੋ ਉਸ ਨੂੰ ਸਾਬਤ ਕਰ ਸਕਦਾ ਸੀ। ਉਸ ਨੇ ਪਹਿਲਾਂ ਕਿਹਾ ਸੀ, "ਮੇਰੇ ਵਖਾਣ ਨੂੰ ਗੌਹ ਨਾਲ ਸੁਣੋ, ਅਤੇ ਮੇਰਾ ਬਿਆਨ ਤੁਹਾਡੇ ਕੰਨਾਂ ਵਿਚ ਪਵੇ। ਹੁਣ ਵੇਖੋ, ਮੈਂ ਆਪਣਾ ਮੁਕੱਦਮਾ ਤਿਆਰ ਕਰ ਲਿਆ ਹੈ, ਮੈਂ ਜਾਣਦਾ ਹਾਂ ਕਿ ਮੈਂ ਧਰਮੀ ਠਹਿਰਾਂਗਾ" (13:17, 18)। ਅੱਯੂਬ ਨੂੰ ਪਰਮੇਸ਼ੁਰ ਦੇ ਦੁਆਰਾ ਧਰਮੀ ਠਹਿਰਾਏ ਜਾਣ ਦਾ ਪੂਰਾ ਭਰੋਸਾ ਸੀ।

ਅੱਯੂਬ ਦੀਆਂ **ਗੱਲਾਂ** ਦੇ ਸੰਦਰਭ ਵਿਚ, ਰੌਬਰਟ ਐੱਲ. ਐਲਡਨ ਨੇ ਕਿਹਾ, "ਬੇਸ਼ੱਕ ਉਹ ਆਪਣੀ ਨਿਰਦੋਸ਼ਤਾ ਦੀ ਘੋਸ਼ਣਾ ਕਰੇਗਾ; ਉਹ ਪਾਪੀ ਲੋਕਾਂ ਦੀ ਇਕ ਤੋਂ ਬਾਅਦ ਇਕ ਉਦਾਹਰਣ ਦਾ ਹਵਾਲਾ ਦੇਵੇਗਾ ਜੋ ਦੁਖੀ ਨਹੀਂ ਸਨ; ਉਹ ਆਪਣੇ ਚਾਰੇ-ਪਾਸੇ ਫੈਲੀ ਤਬਾਹੀ ਦੀ ਵਿਆਖਿਆ ਕਰਨ ਦੀ ਮੰਗ ਕਰੇਗਾ ਜੋ ਉਸ ਦੇ ਚਾਰੇ ਪਾਸੇ ਫੈਲੀ ਸੀ।"[4]

**ਆਇਤ 5.** ਅੱਯੂਬ ਨੇ ਇਸ ਤੱਥ ਨੂੰ ਕਿਹਾ ਕਿ, ਜੇ ਪਰਮੇਸ਼ੁਰ ਬੋਲਦਾ ਹੈ, ਤਾਂ ਉਹ ਸੁਣਦਾ ਹੈ ਅਤੇ ਸਮਝ ਪ੍ਰਾਪਤ ਕਰਦਾ ਹੈ।

**ਆਇਤ 6. ਕੀ ਉਹ ਆਪਣੀ ਸ਼ਕਤੀ ਦੀ ਵਡਿਆਈ ਅਨੁਸਾਰ ਮੇਰੇ ਨਾਲ ਲੜਦਾ? ਨਹੀਂ, ਸਗੋਂ ਉਹ ਮੇਰੀ ਵੱਲ ਧਿਆਨ ਕਰਦਾ।** ਅੱਯੂਬ ਨੇ ਇਸ ਗੱਲ ਦਾ ਵਿਸ਼ਵਾਸ ਜ਼ਾਹਰ ਕੀਤਾ ਕਿ ਪਰਮੇਸ਼ੁਰ ਉਸ ਦੇ ਨਾਲ ਕਠੋਰ ਨਹੀਂ ਹੋਵੇਗਾ, ਪਰ ਦਯਾ ਨਾਲ ਭਰ ਕੇ ਉਸ ਦੇ ਕੋਲ ਆਵੇਗਾ। ਇਸ ਪ੍ਰਸੰਗ ਵਿਚ, ਸ਼ਬਦ "ਲੜਦਾ" (רִיב, *ਰਿਬ)* ਦਾ ਅਰਥ ਹੈ "ਇਕ ਮੁਕੱਦਮੇ ਨੂੰ ਜਾਰੀ ਰੱਖਣਾ, ਲੜਨਾ।"[5] ਇਸ ਤੋਂ ਇਲਾਵਾ, ਜੌਨ ਈ. ਹਾਰਟਲੀ ਨੇ ਟਿੱਪਣੀ ਕੀਤੀ ਕਿ ਸ਼ਬਦ "ਸ਼ਕਤੀ" (כֹּחַ, *ਕੋਚ)* ਮਿਸ਼ਨਾਇਕ ਇਬਰਾਨੀ ਵਿਚ "ਕਾਨੂਨੀ ਸ਼ਕਤੀ" ਨੂੰ ਦਰਸਾਉਂਦਾ ਹੈ ਅਤੇ ਇੱਥੇ ਇਸ ਦਾ ਅਰਥ ਇਹੋ ਹੀ ਹੋ ਸਕਦਾ ਹੈ।[6] "ਧਿਆਨ ਕਰਦਾ" (שִׂים, *ਸਿਮ)* ਨੂੰ "ਚਿੰਤਾ ਕਰਨਾ"[7] ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ।

**ਆਇਤ 7. ਉੱਥੇ ਨੇਕ ਜਨ ਉਹ ਦੇ ਨਾਲ ਬਹਿਸ ਕਰਦਾ, ਅਤੇ ਮੈਂ ਸਦਾ ਲਈ ਆਪਣੇ ਨਿਆਈ ਤੋਂ ਛੁਡਾਇਆ ਜਾਂਦਾ।** ਕਿੰਨੀ ਖ਼ੂਬਸੂਰਤ ਸੰਭਾਵਨਾ ਹੈ! ਅੱਯੂਬ ਦਾ "ਨਿਆਈ" ਹੀ ਉਸ ਦਾ ਬਚਾਉਣ ਵਾਲਾ ਵੀ ਹੋਵੇਗਾ! "ਛੁਡਾਇਆ ਜਾਂਦਾ" ਦਾ ਅਨੁਵਾਦ "ਬਰੀ ਕੀਤਾ ਜਾਂਦਾ" ਵੀ ਹੋ ਸਕਦਾ ਹੈ (RSV; NRSV; NLT)। ਬਰੀ ਹੋਣਾ ਜਾਂ ਛੁਟਕਾਰਾ ਪਾਉਣਾ ਅੱਯੂਬ ਦਾ ਪਰਮੇਸ਼ੁਰ ਨਾਲ "ਬਹਿਸ" ਕਰਨ ਦੇ ਮੌਕੇ ਦਾ ਨਤੀਜਾ ਹੈ।

## "ਪਰਮੇਸ਼ੁਰ ਮੈਨੂੰ ਜਾਣਦਾ ਹੈ, ਪਰ ਮੈਂ ਉਸ ਨੂੰ ਨਹੀਂ ਵੇਖ ਸਕਦਾ" (23:8-17)

**8ਵੇਖੋ, ਮੈਂ ਅੱਗੇ ਜਾਂਦਾ ਹਾਂ ਪਰ ਉਹ ਉੱਥੇ ਨਹੀਂ, ਅਤੇ ਪਿੱਛੇ, ਪਰ ਮੈਂ ਉਹ ਨੂੰ ਵੇਖਦਾ ਨਹੀਂ, 9ਅਤੇ ਖੱਬੇ ਪਾਸੇ ਵੱਲ ਜਦ ਉਹ ਕੰਮ ਕਰਦਾ ਹੈ ਤਾਂ ਉਹ ਮੈਨੂੰ ਵਿਖਾਈ ਨਹੀਂ ਦਿੰਦਾ, ਉਹ ਸੱਜੇ ਪਾਸੇ ਨੂੰ ਮੁੜਦਾ ਤਾਂ ਮੈਂ ਉਹ ਨੂੰ ਵੇਖਦਾ ਨਹੀਂ। 10ਉਹ ਤਾਂ ਮੇਰੇ ਰਾਹ ਨੂੰ ਜਾਣਦਾ ਹੈ, ਜਦ ਕਦੀ ਉਸ ਮੈਨੂੰ ਤਾਇਆ ਤਾਂ ਮੈਂ ਸੋਨੇ ਵਾਂਙੁ ਨਿੱਕਲਾਂਗਾ। 11ਮੇਰੇ ਪੈਰ ਨੇ ਉਹ ਦੇ ਕਦਮਾਂ ਨੂੰ ਫੜਿਆ, ਮੈਂ ਉਹ ਦੇ ਰਾਹ ਦੀ ਪਾਲਨਾ ਕੀਤੀ ਅਤੇ ਕੁਰਾਹੇ ਨਾ ਪਿਆ। 12ਉਹ**

**ਦੇ ਬੁੱਲ੍ਹਾਂ ਦੇ ਹੁਕਮ ਤੋਂ ਮੈਂ ਨਾ ਹਟਿਆ, ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ ਆਪਣੇ ਜਰੂਰੀ ਭੋਜਨ ਨਾਲੋਂ ਵਧੀਕ ਕਦਰ ਕੀਤੀ। [13]ਉਹ ਤਾਂ ਇੱਕਵਾਗਾ ਹੈ ਅਤੇ ਕੋਈ ਉਹ ਨੂੰ ਮੋੜ ਨਹੀਂ ਸੱਕਦਾ, ਅਤੇ ਜੋ ਉਹ ਦਾ ਜੀ ਚਾਹੇ ਸੋ ਉਹ ਕਰਦਾ ਹੈ, [14]ਕਿਉਂਕਿ ਜੋ ਕੁਝ ਮੇਰੇ ਲਈ ਠਹਿਰਾਇਆ ਗਿਆ ਹੈ ਉਹ ਪੂਰਾ ਕਰਦਾ ਹੈ, ਅਤੇ ਉਹ ਦੇ ਨਾਲ ਬਹੁਤ ਸਾਰੀਆਂ ਹੋਰ ਅਜਿਹੀਆਂ ਗੱਲਾਂ ਹਨ। [15]ਏਸ ਲਈ ਮੈਂ ਉਹ ਦੇ ਹਜ਼ੂਰੋਂ ਭੈ ਖਾਂਦਾ ਹਾਂ, ਜਦ ਮੈਂ ਸੋਚਦਾ ਹਾਂ ਤਾਂ ਮੈਂ ਉਸ ਤੋਂ ਡਰ ਜਾਂਦਾ ਹਾਂ। [16]ਪਰਮੇਸ਼ੁਰ ਨੇ ਮੇਰੇ ਦਿਲ ਨੂੰ ਡਰੂ ਬਣਾ ਦਿੱਤਾ, ਅਤੇ ਸਰਬ ਸ਼ਕਤੀਮਾਨ ਨੇ ਮੈਨੂੰ ਘਬਰਾ ਦਿੱਤਾ। [17]ਮੈਂ ਅਨ੍ਹੇਰੇ ਦੇ ਅੱਗੋਂ ਮਿਟਾਇਆ ਤਾਂ ਨਾ ਗਿਆ, ਪਰ ਘੁੱਪ ਅਨ੍ਹੇਰੇ ਨੇ ਮੇਰੇ ਮੂੰਹ ਨੂੰ ਢੱਕ ਲਿਆ।**

**ਆਇਤਾਂ 8, 9.** ਅੱਯੂਬ ਨੇ ਹਰ ਦਿਸ਼ਾ ਵਿਚ ਪਰਮੇਸ਼ੁਰ ਦੀ ਭਾਲ ਕੀਤੀ ਅਤੇ ਆਪਣੇ ਦੁਖ ਦਾ ਜਵਾਬ ਦਿੱਤਾ: **ਅੱਗੇ**, **ਪਿੱਛੇ**, **ਖੱਬੇ ਪਾਸੇ**, ਅਤੇ **ਸੱਜੇ ਪਾਸੇ**। ਕੁਝ ਸੰਸਕਰਣਾਂ ਵਿਚ "ਪੂਰਬ," "ਪੱਛਮ," "ਉੱਤਰ," "ਦੱਖਣ" ਹੈ (TEV; NIV; NJB; NJPSV; NLT)। ਇਹ ਦਿਸ਼ਾਵਾਂ ਕ੍ਰਮਵਾਰ ਮਸੋਪੋਤਾਮੀਆ, ਭੂ-ਮੱਧ ਸਾਗਰ, ਸੀਰਿਆ ਅਤੇ ਅਰਬ ਤੱਕ ਅੱਯੂਬ ਦੀ ਅਗਵਾਈ ਕਰਨਗੇ। ਐਲਡਨ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ, "ਹਾਲਾਂਕਿ ਇੱਥੇ ਅੱਯੂਬ ਦੀ ਕਿਸੇ ਵੀ ਯਾਤਰਾ ਦਾ ਕੋਈ ਰਿਕਾਰਡ ਨਹੀਂ ਹੈ, ਪਰ ਉਹ ਪਰਮੇਸ਼ੁਰ ਦੀ ਖੋਜ ਦੀ ਅਸੰਭਵਤਾ ਦੇ ਕਾਰਨ ਇਨ੍ਹਾਂ ਰੂਪਕਾਂ ਵਿਚ ਰੁਝਿਆ ਰੁੱਝਿਆ ਹੈ।"[8]

**ਆਇਤ 10. ਉਹ ਤਾਂ ਮੇਰੇ ਰਾਹ ਨੂੰ ਜਾਣਦਾ ਹੈ, ਜਦ ਕਦੀ ਉਸ ਮੈਨੂੰ ਤਾਇਆ ਤਾਂ ਮੈਂ ਸੋਨੇ ਵਾਂਙੁ ਨਿੱਕਲਾਂਗਾ।** ਅੱਯੂਬ ਦੇ ਰਾਹੀਂ ਅੱਯੂਬ ਨੂੰ ਲੱਭਣ ਦੀ ਅਸਮਰੱਥਾ ਦੇ ਉਲਟ, ਉਸ ਨੂੰ ਭਰੋਸਾ ਸੀ ਕਿ ਪਰਮੇਸ਼ੁਰ ਉਸ ਦੇ ਵਿਸ਼ੇ ਵਿਚ ਸਭ ਕੁਝ ਜਾਣਦਾ ਸੀ। ਐਲਡਨ ਨੇ ਕਿਹਾ, "ਇੱਥੇ ਵਿਸ਼ਵਾਸ ਦੀਆਂ ਤਿੰਨ ਮਹੱਤਵਪੂਰਣ ਗੱਲਾਂ ਹਨ: (1) ਅੱਯੂਬ ਨੂੰ ਇਹ ਵਿਸ਼ਵਾਸ ਸੀ ਕਿ ਪਰਮੇਸ਼ੁਰ ਉਸ ਦੀ ਸਥਿਤੀ ਨੂੰ ਜਾਣਦਾ ਸੀ; (2) ਅੱਯੂਬ ਨੂੰ ਵਿਸ਼ਵਾਸ ਸੀ ਕਿ ਪਰਮੇਸ਼ੁਰ ਉਸ ਨੂੰ ਪਰਖ ਰਿਹਾ ਸੀ; (3) ਅੱਯੂਬ ਨੂੰ ਵਿਸ਼ਵਾਸ ਸੀ ਕਿ ਉਹ ਇਕ ਬਿਹਤਰ ਮਨੁੱਖ ਬਣ ਕੇ ਉਭਰੇਗਾ।"[9] ਅੱਯੂਬ ਨੂੰ ਉਸ ਦੀਆਂ ਪਰੀਖਿਆਵਾਂ ਦੇ ਦੁਆਰਾ ਤਾਇਆ ਜਾ ਰਿਹਾ ਸੀ, ਜਿਵੇਂ "ਸੋਨੇ" ਨੂੰ ਅੱਗ ਦੇ ਰਾਹੀਂ ਤਾਇਆ ਜਾਂਦਾ ਹੈ (ਵੇਖੋ 1 ਪਤਰਸ 1:6, 7; ਪਰਕਾਸ਼ ਦੀ ਪੋਥੀ 3:18)।

**ਆਇਤਾਂ 11, 12. ਮੇਰੇ ਪੈਰ ਨੇ ਉਹ ਦੇ ਕਦਮਾਂ ਨੂੰ ਫੜਿਆ, ਮੈਂ ਉਹ ਦੇ ਰਾਹ ਦੀ ਪਾਲਨਾ ਕੀਤੀ ਅਤੇ ਕੁਰਾਹੇ ਨਾ ਪਿਆ। ਉਹ ਦੇ ਬੁੱਲ੍ਹਾਂ ਦੇ ਹੁਕਮ ਤੋਂ ਮੈਂ ਨਾ ਹਟਿਆ, ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ ਆਪਣੇ ਜਰੂਰੀ ਭਜਨ ਨਾਲੋਂ ਵਧੀਕ ਕਦਰ ਕੀਤੀ।** ਆਪਣੀ ਖ਼ੁਦ ਦੀ ਈਮਾਨਦਾਰੀ ਦਾ ਇਹ ਕਿੰਨਾ ਸੋਹਣਾ ਬਿਆਨ ਹੈ! ਐੱਚ. ਐੱਚ. ਰਾਉਲੀ ਨੇ ਲਿਖਿਆ, "ਅੱਯੂਬ (2.3) ਦੀ ਅਡਿਗ ਈਮਾਨਦਾਰੀ ਦੀ ਰੱਬੀ ਗਵਾਹੀ ਪਰਮੇਸ਼ੁਰ ਦੀ ਬਿਵਸਥਾ ਦੇ ਪ੍ਰਤੀ ਉਸ ਦੀ ਅਟੱਲ ਵਫ਼ਾਦਾਰੀ ਨਾਲ ਮੇਲ ਖਾਂਦੀ ਹੈ।"[10]

ਗਿਆਨ ਦੇ ਸਾਹਿਤ ਵਿਚ, ਇਕ ਵਿਅਕਤੀ ਦੇ ਜੀਵਨ ਢੰਗ ਦੀ ਤੁਲਨਾ ਅਕਸਰ "ਰਾਹ" ਜਾਂ "ਮਾਰਗ" ਨਾਲ ਕੀਤੀ ਜਾਂਦੀ ਹੈ (4:6; 13:15; 22:3; 31:4; ਜ਼ਬੂਰਾਂ ਦੀ ਪੋਥੀ 1:1, 6; 119:105; ਕਹਾਉਤਾਂ 2:20; 3:6)। ਬੁੱਧੀਮਾਨ ਪੁਰਖ ਸਾਨੂੰ ਚਿਤਾਵਨੀ ਦਿੰਦਾ ਹੈ ਕਿ ਚੰਗੇ ਰਾਹ ਤੋਂ "ਨਾ ਹਟੋ":

> ਤੇਰੀਆਂ ਅੱਖਾਂ ਨੱਕ ਦੀ ਸੇਧੇ ਵੇਖਦੀਆਂ ਰਹਿਣ, ਅਤੇ ਤੇਰੀਆਂ ਪਲਕਾਂ ਅੱਗੇ ਨੂੰ ਲੱਗੀਆਂ ਰਹਿਣ। ਆਪਣੇ ਪੈਰਾਂ ਲਈ ਰਾਹ ਨੂੰ ਪੱਧਰਾ ਕਰ, ਤਾਂ ਤੇਰੇ ਸਾਰੇ ਪਹੇ ਕਾਇਮ ਹੋਣਗੇ। ਨਾ

ਸੱਜੇ ਨੂੰ ਮੁੜ ਅਤੇ ਨਾ ਖੱਬੇ ਨੂੰ, ਆਪਣੇ ਪੈਰ ਨੂੰ ਬੁਰਿਆਈ ਤੋਂ ਦੂਰ ਰੱਖ (ਕਹਾਉਤਾਂ 4:25-27)।

ਅੱਯੂਬ ਨੇ "[ਪਰਮੇਸ਼ੁਰ ਦੇ] ਬੁੱਲ੍ਹਾਂ ਦੇ ਹੁਕਮ" ਆਪਣੇ "ਜਰੂਰੀ ਭੋਜਨ" ਤੋਂ ਉੱਪਰ ਰੱਖੇ ਸਨ - ਅਰਥਾਤ, ਉਸ ਦੀ "ਰੋਜ਼ ਦੀ ਰੋਟੀ" (NIV; NJPSV)।[11] ਉਹ ਸਮਝਦਾ ਸੀ ਕਿ "ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁਖੋਂ ਨਿੱਕਲਦਾ ਹੈ" (ਮੱਤੀ 4:4; ਬਿਵਸਥਾ ਸਾਰ 8:3 ਦਾ ਹਵਾਲਾ ਦਿੰਦੇ ਹੋਏ)।

**ਆਇਤਾਂ 13, 14.** ਭਾਵੇਂ ਉਸ ਨੂੰ ਆਪਣੀ ਈਮਾਨਦਾਰੀ ਤੇ ਭਰੋਸਾ ਸੀ, ਪਰ ਉਸ ਨੇ ਸਰਬਸ਼ਕਤੀਮਾਨ ਪਰਮੇਸ਼ੁਰ ਦੇ ਸਾਹਮਣੇ ਆਪਣੇ ਆਪ ਨੂੰ ਦੀਨ ਕੀਤਾ ਜਿਸ ਦੀਆਂ **ਗੱਲਾਂ** ਅਟੱਲ ਹਨ। ਇਹ ਬਿਆਨ ਕਿ **ਉਹ ਤਾਂ ਇੱਕਵਾਗਾ ਹੈ** (וְהוּא בְאֶחָד, *ਵੇਹੂ ਬੀਚੇਡ)* ਇਸ ਦਾ ਅਨੁਵਾਦ "ਉਹ ਇੱਕੋ ਵਿਚ ਹੈ" ਜਾਂ "ਉਹ ਇਕਸੁਰਤਾ ਵਿਚ ਰਹਿੰਦਾ ਹੈ।" ਇਹ ਇਸਰਾਏਲ ਦੇ ਸਭ ਤੋਂ ਉੱਚੇ ਅੰਗੀਕਾਰ ਦੇ ਨਾਲ ਮੇਲ ਖਾਂਦਾ ਹੈ: "ਹੇ ਇਸਰਾਏਲ, ਸੁਣੋ! ਯਹੋਵਾਹ ਸਾਡਾ ਪਰਮੇਸ਼ੁਰ ਇੱਕੋ ਹੀ ਯਹੋਵਾਹ ਹੈ। ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ" (ਬਿਵਸਥਾ ਸਾਰ 6:4, 5)। ਅੱਯੂਬ ਦਾ ਬਿਆਨ ਇਸ ਸੱਚਾਈ ਨੂੰ ਪ੍ਰਤੀਬਿੰਬਿਤ ਕਰਦਾ ਹੈ ਕਿ ਉਹ ਇਕ ਮਾਤਰ ਪਰਮੇਸ਼ੁਰ ਵਿਚ ਵਿਸ਼ਵਾਸ ਕਰਦਾ ਸੀ - ਹੋਰ ਕੋਈ ਦੂਜਾ ਪਰਮੇਸ਼ੁਰ ਨਹੀਂ ਹੈ।

**ਆਇਤ 15.** ਅੱਯੂਬ ਨੇ ਜਿੰਨਾ ਵਧੇਰੇ ਪਰਮੇਸ਼ੁਰ ਦੇ ਨਾਲ ਮੁਕਾਬਲਾ ਕਰਨ ਦੇ ਵਿਸ਼ੇ ਵਿਚ ਸੋਚਿਆ, ਉਹ ਉੱਨਾ ਹੀ ਵਧੇਰੇ **ਡਰ ਗਿਆ**। ਆਖ਼ਰਕਾਰ ਜਦੋਂ ਪਰਮੇਸ਼ੁਰ ਨੇ ਵਾਵਰੋਲੇ ਦੇ ਵਿੱਚੋਂ ਅੱਯੂਬ ਦੇ ਨਾਲ ਗੱਲ ਕੀਤੀ (38:1), ਉਸ ਸਮੇਂ ਅੱਯੂਬ ਜੋ ਕਰ ਸਕਦਾ ਸੀ ਉਹ ਸਿਰਫ ਇਹ ਸੀ ਕਿ ਉਹ ਆਪਣੇ ਨਿਕੰਮੇਪਨ ਨੂੰ ਸਵੀਕਾਰ ਕਰੇ ਅਤੇ ਆਪਣਾ ਹੱਥ ਆਪਣੇ ਮੂੰਹ ਤੇ ਰੱਖੇ (40:4)।

**ਆਇਤ 16.** ਅੱਯੂਬ ਨੇ **ਪਰਮੇਸ਼ੁਰ** ਨੂੰ ਜੀਵਨ ਦੇ ਸਾਰੇ ਮਸਲਿਆਂ ਦਾ ਸਭ ਤੋਂ ਵੱਡਾ ਸੋਮਾ ਮੰਨਿਆ - ਭਾਵੇਂ ਉਹ ਚੰਗੇ ਹੋਣ ਜਾਂ ਮਾੜੇ। ਹੋਮਰ ਹੇਲੀ ਨੇ ਲਿਖਿਆ, "ਅੱਯੂਬ ਦੇ ਦਿਲ ਦੀ ਦੁਰਦਸ਼ਾ, ਜਾਂ ਕਮਜ਼ੋਰ ਸੰਕਲਪ ਦੇ ਦੋ ਕਾਰਣ ਹੋ ਸਕਦੇ ਹਨ: 1) ਅੱਯੂਬ ਨੂੰ ਦੁਸ਼ਟ ਅਤੇ ਮਹਾਨ ਪਾਪੀ ਮੰਨਿਆ ਗਿਆ ਸੀ, ਜਦ ਕਿ ਉਹ ਜਾਣਦਾ ਸੀ ਕਿ ਉਹ ਧਰਮੀ ਹੈ; ਅਤੇ 2) ਅੱਯੂਬ ਦੇ ਦੁੱਖ ਵਿਚ ਪਰਮੇਸ਼ੁਰ ਦਾ ਕ੍ਰੋਧ ਸ਼ਕਤੀਸ਼ਾਲੀ ਰੂਪ ਵਿਚ ਪ੍ਰਦਰਸ਼ਿਤ ਹੋਇਆ।"[12]

**ਆਇਤ 17. ਮੈਂ ਅਨ੍ਹੇਰੇ ਦੇ ਅੱਗੋਂ ਮਿਟਾਇਆ ਤਾਂ ਨਾ ਗਿਆ, ਪਰ ਘੁੱਪ ਅਨ੍ਹੇਰੇ ਨੇ ਮੇਰੇ ਮੂੰਹ ਨੂੰ ਢੱਕ ਲਿਆ!** ਇਸ ਆਇਤ ਦਾ ਅਨੁਵਾਦ ਕਰ ਸਕਣਾ ਮੁਸ਼ਕਲ ਹੈ। ਜੇਕਰ NASB ਸਹੀ ਹੈ, ਤਾਂ ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਦਾ ਡਰ ਰੱਖਣ ਦੇ ਬਾਵਜੂਦ ਅੱਯੂਬ ਨੇ ਉੱਤਰਾਂ ਦੇ ਲਈ ਆਪਣੀ ਖੋਜ ਨੂੰ ਜਾਰੀ ਰੱਖਣ ਦੇ ਲਈ ਆਪਣੇ ਆਪ ਨੂੰ ਮਜਬੂਰ ਮਹਿਸੂਸ ਕੀਤਾ। ਪਰ, ਕਿਰਿਆ "ਮਿਟਾਇਆ" (צָמַת, *ਟਸਾਮਥ)* ਦਾ ਅਰਥ ਆਮ ਤੌਰ ਤੇ "ਨਸ਼ਟ ਕਰਨਾ" ਹੁੰਦਾ ਹੈ।[13] KJV ਵਿਚ ਹੈ "ਕਿਉਂਕਿ ਮੈਂ ਅਨ੍ਹੇਰੇ ਵਿਚ ਕੱਟਿਆ ਨਹੀਂ ਗਿਆ ਸੀ।" ਹੋਰਨਾਂ ਸ਼ਬਦਾਂ ਵਿਚ, ਅੱਯੂਬ ਦੇ ਦਿਲ ਵਿਚ ਪਰਮੇਸ਼ੁਰ ਦਾ ਡਰ ਬਣਿਆ ਰਿਹਾ ਕਿਉਂਕਿ ਮੌਤ ਨੇ ਉਸ ਨੂੰ ਨਹੀਂ ਮਾਰਿਆ ਸੀ (ਵੇਖੋ 3:4, 5, 11-13; 10:18-22)।

# ਪ੍ਰਾਸੰਗਿਕਤਾ

## ਪਰਮੇਸ਼ੁਰ ਦੇ ਸਿੰਘਾਸਣ ਸਾਹਮਣੇ ਪਹੁੰਚਣਾ (23:1-7)

ਅੱਯੂਬ ਆਪਣਾ ਦਾਵਾ ਪਰਮੇਸ਼ੁਰ ਦੇ ਸਾਹਮਣੇ ਲਿਆਉਣਾ ਚਾਹੁੰਦਾ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਹ ਸਫਲਤਾਪੂਰਵਕ ਆਪਣੇ ਦਾਵੇ ਉੱਤੇ ਬਹਿਸ ਕਰ ਸਕਦਾ ਸੀ ਅਤੇ ਇਹ ਕਿ ਉਹ ਉਸ ਦੇ ਦੁੱਖਾਂ ਤੋਂ ਛੁਡਾਇਆ ਜਾਵੇਗਾ। ਆਖ਼ਰਕਾਰ, ਪਰਮੇਸ਼ੁਰ ਧਰਮੀ ਅਤੇ ਪਵਿੱਤਰ ਪਰਮੇਸ਼ੁਰ ਹੈ - ਅਤੇ ਅੱਯੂਬ ਕਿਸੇ ਵੀ ਗੰਭੀਰ ਪਾਪ ਤੋਂ ਬੇਦੋਸ਼ਾ ਸੀ। ਅੱਯੂਬ ਦਾ ਮੰਨਣਾ ਸੀ ਕਿ ਜੇ ਉਹ ਪਰਮੇਸ਼ੁਰ ਨਾਲ ਗੱਲਬਾਤ ਕਰ ਸਕਦਾ, ਤਾਂ ਉਹ ਬਰੀ ਹੋ ਜਾਵੇਗਾ ਅਤੇ ਉਸ ਦੇ ਹਾਲਾਤ ਪਲਟ ਜਾਣਗੇ। ਇਸ ਲਿਖਤ ਤੋਂ, ਅਸੀਂ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਆਉਣ ਬਾਰੇ ਕਈ ਸਬਕ ਸਿੱਖਦੇ ਹਾਂ।

*ਪਰਮੇਸ਼ੁਰ ਦੇ ਸਾਹਮਣੇ ਆਉਣ ਦੀ ਇੱਛਾ।* ਆਇਤ 3 ਵਿਚ, ਅੱਯੂਬ ਨੇ ਉੱਚੀ ਅਵਾਜ਼ ਵਿਚ ਕਿਹਾ, "ਕਾਸ਼ ਕਿ ਮੈਂ ਜਾਣਦਾ ਭਈ ਮੈਂ ਉਹ ਨੂੰ ਕਿੱਥੇ ਲੱਭਾਂ, ਤਾਂ ਮੈਂ ਉਹ ਦੇ ਵਸੇਬੇ ਤੀਕ ਜਾਂਦਾ!" ਅੱਯੂਬ ਪਰਮੇਸ਼ੁਰ ਦੇ ਸਿੰਘਾਸਣ ਸਾਹਮਣੇ ਪਹੁੰਚਣਾ ਚਾਹੁੰਦਾ ਸੀ ਅਤੇ ਉਸ ਨਾਲ ਗੱਲ ਕਰਨਾ ਚਾਹੁੰਦਾ ਸੀ। ਇਹ ਸ਼ਲਾਘਾਯੋਗ ਹੈ ਕਿ ਅੱਯੂਬ ਚੰਗੇ ਸਮੇਂ ਅਤੇ ਮਾੜੇ ਸਮੇਂ ਵਿਚ ਪਰਮੇਸ਼ੁਰ ਦਾ ਅਰਾਧਕ ਸੀ। ਕਹਾਣੀ ਦੇ ਆਰੰਭ ਵਿਚ, ਅਸੀਂ ਉਸ ਨੂੰ ਪਰਮੇਸ਼ੁਰ ਨੂੰ ਬਲੀਆਂ ਚੜ੍ਹਾਉਂਦੇ ਵੇਖਿਆ ਜਦੋਂ ਸਮਾਂ ਚੰਗਾ ਸੀ (1:5)। ਇਸ ਸਮੇਂ, ਉਸ ਨੇ ਪਰਮੇਸ਼ੁਰ ਨੂੰ ਭਾਲਿਆ ਜਦੋਂ ਸਮਾਂ ਮਾੜਾ ਸੀ। ਕੁਝ ਲੋਕ ਪਰਮੇਸ਼ੁਰ ਬਾਰੇ ਸੋਚਣ ਅਤੇ ਉਸ ਨੂੰ ਪੁਕਾਰਣ ਤੋਂ ਪਹਿਲਾਂ ਤਦ ਤੱਕ ਉਡੀਕ ਕਰਦੇ ਹਨ ਜਦੋਂ ਤੱਕ ਉਹ ਕਿਸੇ ਸੰਕਟ ਦਾ ਸਾਹਮਣਾ ਨਹੀਂ ਕਰਦੇ। ਪਰ, ਮਸੀਹੀ ਲੋਕਾਂ ਨੂੰ ਹਮੇਸ਼ਾ ਪਰਮੇਸ਼ੁਰ ਨਾਲ ਨੇੜਲੇ ਸੰਬੰਧ ਦੀ ਇੱਛਾ ਕਰਨੀ ਚਾਹੀਦੀ ਹੈ, ਫਿਰ ਭਾਵੇਂ ਉਹ ਚੰਗੇ ਜਾਂ ਮਾੜੇ ਸਮਿਆਂ ਦਾ ਸਾਹਮਣੇ ਕਰ ਰਹੇ ਹੋਣ।

ਸਾਡੇ ਕੋਲ ਇਕ ਸੰਪੂਰਨ ਵਿਚੋਲਾ ਹੈ ਜਿਸ ਦੇ ਦੁਆਰਾ ਅਸੀਂ ਪਰਮੇਸ਼ੁਰ ਦੇ ਸਿੰਘਾਸਣ ਸਾਹਮਣੇ ਪਹੁੰਚ ਸਕਦੇ ਹਾਂ। ਪਹਿਲਾ ਤਿਮੋਥਿਉਸ 2:5 ਕਹਿੰਦੀ ਹੈ, "ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ।" ਪਹਿਲਾ ਯੂਹੰਨਾ 2:1 ਸਾਨੂੰ ਦੱਸਦੀ ਹੈ ਕਿ "ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ।" ਯਿਸੂ ਨੇ ਬਾਰ-ਬਾਰ ਆਪਣੇ ਚੇਲਿਆਂ ਨੂੰ ਆਪਣੇ ਨਾਮ ਦੇ ਰਾਹੀਂ ਪਿਤਾ ਕੋਲ ਜਾਣ ਲਈ ਸਿਖਾਇਆ (ਯੂਹੰਨਾ 14:13, 14; 15:16; 16:23)। ਇਹ ਹੈਰਾਨੀ ਦੀ ਗੱਲ ਹੈ ਕਿ ਜੋ ਆਪਣੇ ਆਪ ਨੂੰ ਮਸੀਹੀ ਕਹਿੰਦੇ ਹਨ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਵਿਚ ਮਸੀਹ ਦਾ ਨਾਮ ਛੱਡ ਦਿੰਦੇ ਹਨ। ਸਾਨੂੰ ਹਮੇਸ਼ਾ ਪਿਤਾ ਨੂੰ ਉਸ ਦੇ ਪੁੱਤਰ, ਯਿਸੂ ਮਸੀਹ ਦੇ ਨਾਮ ਦੇ ਰਾਹੀਂ ਆਪਣੇ ਧੰਨਵਾਦ ਅਤੇ ਬੇਨਤੀਆਂ ਸੰਬੋਧਿਤ ਕਰਨੀਆਂ ਚਾਹੀਦੀਆਂ ਹਨ।

*ਪਰਮੇਸ਼ੁਰ ਨਾਲ ਸੱਚੇ ਦਿਲੋਂ ਗੱਲ ਕਰੋ।* ਅੱਯੂਬ ਨੇ ਕਿਹਾ ਕਿ ਜੇਕਰ ਪਰਮੇਸ਼ੁਰ ਉਸ ਦੀ ਸੁਣਵਾਈ ਕਰੇਗਾ, ਉਹ "[ਉਸ ਦਾ] ਦਾਵਾ ਉਹ ਦੇ ਸਾਹਮਣੇ ਪੇਸ਼ ਕਰੇਗਾ ਅਤੇ [ਉਸ ਦਾ] ਮੂੰਹ ਦਲੀਲਾਂ ਨਾਲ ਭਰੇਗਾ" (23:4)। ਦੂਜੇ ਸ਼ਬਦਾਂ ਵਿਚ, ਅੱਯੂਬ ਸੱਚੇ ਦਿਲ ਨਾਲ ਅਤੇ ਦ੍ਰਿੜ੍ਹਤਾ ਨਾਲ ਪਰਮੇਸ਼ੁਰ ਨਾਲ ਆਪਣੀ ਨਿਰਦੋਸ਼ਤਾ ਬਾਰੇ ਗੱਲ ਕਰੇਗਾ। ਅਸੀਂ ਖੁੱਲ੍ਹੇ ਦਿਲ ਪਰਮੇਸ਼ੁਰ ਅੱਗੇ ਆਪਣੀਆਂ ਭਾਵਨਾਵਾਂ ਪਰਗਟ ਕਰ ਸਕਦੇ ਹਾਂ, ਭਾਵੇਂ ਉਹ ਕੁਝ ਵੀ ਹੋਣ। ਪਰ, ਅਸੀਂ ਆਪਣੇ ਪਵਿੱਤਰ ਪਰਮੇਸ਼ੁਰ ਲਈ ਬਹੁਤ ਸਤਿਕਾਰ ਨਾਲ ਇਹ ਕਰਨਾ ਹੈ। ਪਰਮੇਸ਼ੁਰ ਬਾਰੇ ਅੱਯੂਬ ਦੁਆਰਾ ਕਹੀਆਂ ਗਈਆਂ ਕੁਝ ਗੱਲਾਂ ਝੂਠੀਆਂ ਸਨ; ਉਸ ਨੇ ਆਪਣੇ ਵੱਡੇ ਦੁੱਖਾਂ ਦੀ

ਡੂੰਘਿਆਈ ਤੋਂ ਅਣਜਾਣਪੁਣੇ ਵਿਚ ਗੱਲ ਕੀਤੀ। ਕਹਾਣੀ ਦੇ ਅੰਤ ਵਿਚ ਉਸ ਨੇ ਕਿਹਾ, "ਏਸ ਲਈ ਮੈਂ ਆਪਣੇ ਆਪ ਤੋਂ ਘਿਣ ਕਰਦਾ ਹਾਂ, ਅਤੇ ਮੈਂ ਖ਼ਾਕ ਤੇ ਸੁਆਹ ਵਿੱਚ ਪਛਤਾਉਂਦਾ ਹਾਂ" (42:6)। ਇਬਰਾਨੀਆਂ ਦੇ ਲੇਖਕ ਨੇ ਲਿਖਿਆ, "ਸੋ ਜਦੋਂ ਸਾਨੂੰ ਇੱਕ ਰਾਜ ਮਿਲਿਆ ਜਿਹੜਾ ਹਿਲਾਇਆ ਨਹੀਂ ਜਾਂਦਾ ਤਾਂ ਆਓ, ਅਸੀਂ ਧੰਨਵਾਦ ਕਰੀਏ ਜਿਸ ਕਰਕੇ ਅਸੀਂ ਭਗਤੀ ਅਤੇ ਭੈ ਨਾਲ ਪਰਮੇਸ਼ੁਰ ਦੀ ਉਹ ਉਪਾਸਨਾ ਕਰੀਏ ਜੋ ਉਹ ਦੇ ਮਨ ਭਾਵੇਂ, ਕਿਉਂ ਜੋ ਸਾਡਾ ਪਰਮੇਸ਼ੁਰ ਭਸਮ ਕਰਨ ਵਾਲੀ ਅੱਗ ਹੈ" (ਇਬਰਾਨੀਆਂ 12:28, 29)।

*ਪਰਮੇਸ਼ੁਰ ਨੂੰ ਸੁਣਨ ਲਈ ਤਿਆਰ ਰਹੋ*। ਅੱਯੂਬ ਨੇ ਕਿਹਾ, "ਮੈਂ ਉਨ੍ਹਾਂ ਗੱਲਾਂ ਨੂੰ ਜਾਣ ਲੈਂਦਾ ਜਿਨ੍ਹਾਂ ਨਾਲ ਉਹ ਮੈਨੂੰ ਉੱਤਰ ਦਿੰਦਾ, ਅਤੇ ਸਮਝ ਲੈਂਦਾ ਭਈ ਉਹ ਮੈਨੂੰ ਕੀ ਆਖਦਾ" (23:5)। ਅੱਯੂਬ ਨੂੰ ਪਰਮੇਸ਼ੁਰ ਤੋਂ ਬੁੱਧ ਪ੍ਰਾਪਤ ਕਰਨ ਦੀ ਬਹੁਤ ਇੱਛਾ ਸੀ। ਖ਼ਾਸਕਰ, ਉਹ ਆਪਣੇ ਦੁੱਖਾਂ ਦੀ ਵਿਆਖਿਆ ਚਾਹੁੰਦਾ ਸੀ ਜਿਨ੍ਹਾਂ ਨੂੰ ਉਹ ਨਹੀਂ ਸਮਝਿਆ। ਕੁਝ ਲੋਕ ਚਾਹੁੰਦੇ ਹਨ ਕਿ ਉਹ ਪ੍ਰਾਰਥਨਾ ਕਰਨ ਅਤੇ ਪਰਮੇਸ਼ੁਰ ਉਨ੍ਹਾਂ ਦੀ ਸੁਣੇ, ਪਰ ਉਹ ਉਸ ਦੇ ਵਚਨ ਦਾ ਅਧਿਐਨ ਕਰਨਾ ਅਤੇ ਉਸ ਨੂੰ ਸੁਣਨਾ ਨਹੀਂ ਚਾਹੁੰਦੇ। ਇਸ ਦੇ ਉਲਟ, ਸਾਨੂੰ ਪਰਮੇਸ਼ੁਰ ਨਾਲ ਗੱਲਬਾਤ ਦੇ ਦੋਵੇਂ ਮਾਧਿਅਮਾਂ ਨੂੰ ਖੁੱਲ੍ਹੇ ਰੱਖਣਾ ਚਾਹੀਦਾ ਹੈ।

*ਵਿਸ਼ਵਾਸ ਕਰੋ ਕਿ ਪਰਮੇਸ਼ੁਰ ਸਾਡੇ ਬਾਰੇ ਚਿੰਤਤ ਹੈ*। ਅੱਯੂਬ ਦੀ ਸਾਰੀ ਪੁਸਤਕ ਵਿਚ, ਅੱਯੂਬ ਨੇ ਉਸ ਪ੍ਰਤੀ ਪਰਮੇਸ਼ੁਰ ਦੇ ਤਰਸ ਬਾਰੇ ਸਵਾਲ ਕੀਤਾ। ਪਰ, ਇਸ ਲਿਖਤ ਵਿਚ, ਅੱਯੂਬ ਨੂੰ ਵਿਸ਼ਵਾਸ ਸੀ ਕਿ ਪਰਮੇਸ਼ੁਰ ਉਸ ਬਾਰੇ ਚਿੰਤਤ ਸੀ ਅਤੇ ਉਸ ਨਾਲ ਸਖਤ ਵਿਹਾਰ ਨਹੀਂ ਕਰੇਗਾ। ਉਸ ਨੇ ਕਿਹਾ, "ਕੀ ਉਹ [ਪਰਮੇਸ਼ੁਰ] ਆਪਣੀ ਸ਼ਕਤੀ ਦੀ ਵਡਿਆਈ ਅਨੁਸਾਰ ਮੇਰੇ ਨਾਲ ਲੜਦਾ? ਨਹੀਂ, ਸਗੋਂ ਉਹ ਮੇਰੀ ਵੱਲ ਧਿਆਨ ਕਰਦਾ" (23:6)। ਪਰਮੇਸ਼ੁਰ ਸੱਚਮੁੱਚ ਉਸ ਦੀ ਰਚਨਾ ਬਾਰੇ ਚਿੰਤਤ ਹੈ। ਬਦਕਿਸਮਤੀ ਨਾਲ, ਕੁਝ ਲੋਕ ਗਲਤੀ ਨਾਲ ਸੋਚਦੇ ਹਨ ਕਿ ਉਹ ਪਰਮੇਸ਼ੁਰ ਦੀ ਪਹੁੰਚ ਤੋਂ ਪਰੇ ਹੋ ਗਏ ਹਨ ਅਤੇ ਉਸ ਨੂੰ ਉਨ੍ਹਾਂ ਦੀ ਕੋਈ ਚਿੰਤਾ ਨਹੀਂ ਹੈ। ਪਰਮੇਸ਼ੁਰ ਖਾਸ ਕਰਕੇ ਆਪਣੇ ਲੋਕਾਂ ਲਈ ਚਿੰਤਤ ਹੈ। ਪਤਰਸ ਨੇ ਮਸੀਹੀ ਲੋਕਾਂ ਨੂੰ ਲਿਖਿਆ, "ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆ ਕਰੇ ਅਤੇ ਆਪਣੀ ਸਾਰੀ ਚਿੰਤਾ ਓਸ ਉੱਤੇ ਸੁਟ ਛੱਡੋ ਕਿਉਂ ਜੋ ਉਹ ਨੂੰ ਤੁਹਾਡਾ ਫ਼ਿਕਰ ਹੈ" (1 ਪਤਰਸ 5:6, 7)। ਅਸੀਂ ਆਪਣੇ ਦਿਲਾਂ ਨੂੰ ਪ੍ਰਭੂ ਅੱਗੇ ਡੋਲ੍ਹ ਸਕਦੇ ਹਾਂ ਕਿਉਂਕਿ ਉਸ ਨੂੰ ਸਾਡੀ ਚਿੰਤਾ ਹੈ।

*ਭਰੋਸਾ ਰੱਖੋ ਕਿ ਪਰਮੇਸ਼ੁਰ ਸਾਡੀ ਮਦਦ ਕਰ ਸਕਦਾ ਹੈ*। ਅੱਯੂਬ ਨੂੰ ਵਿਸ਼ਵਾਸ ਸੀ ਕਿ ਉਹ ਪਰਮੇਸ਼ੁਰ ਦੁਆਰਾ ਉਸ ਦੇ ਉਨ੍ਹਾਂ ਸਾਰੇ ਦੋਸ਼ਾਂ ਤੋਂ ਬਰੀ ਹੋ ਜਾਵੇਗਾ ਜੋ ਉਸ ਦੇ ਮਿੱਤਰਾਂ ਨੇ ਉਸ ਦੇ ਵਿਰੁੱਧ ਲਗਾਏ ਸਨ (23:7)। ਸਾਨੂੰ ਆਪਣੀਆਂ ਚਿੰਤਾਵਾਂ ਨੂੰ ਪਰਮੇਸ਼ੁਰ ਅੱਗੇ ਲਿਆਉਣਾ ਚਾਹੀਦਾ ਹੈ, ਇਹ ਭਰੋਸਾ ਕਰਦਿਆਂ ਕਿ ਉਹ ਸਾਡੀ ਮਦਦ ਕਰਨ ਅਤੇ ਸਾਨੂੰ ਮਾਫ਼ ਕਰਨ ਦੀ ਸ਼ਕਤੀ ਰੱਖਦਾ ਹੈ। ਇਹ ਦੱਸਣ ਤੋਂ ਬਾਅਦ ਕਿ ਯਿਸੂ ਸਾਡਾ ਪਰਧਾਨ ਜਾਜਕ ਹੈ ਜਿਹੜਾ ਦੁਰਬਲਤਾਈਆਂ ਵਿਚ ਸਾਡਾ ਹਮਦਰਦੀ ਹੈ, ਇਬਰਾਨੀਆਂ ਦੇ ਲੇਖਕ ਨੇ ਇਹ ਸਿੱਟਾ ਕੱਢਿਆ, "ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ" (ਇਬਰਾਨੀਆਂ 4:16)। ਭਾਵੇਂ ਕਿ ਪਰਮੇਸ਼ੁਰ ਸ਼ਕਤੀਸ਼ਾਲੀ ਅਤੇ ਪਰਤਾਪਵਾਨ ਪਰਮੇਸ਼ੁਰ ਹੈ, ਉਸ ਦੇ ਸਿੰਘਾਸਣ ਦਾ "ਕਿਰਪਾ ਦੇ ਸਿੰਘਾਸਣ" ਵਜੋਂ ਵਰਣਨ ਕੀਤਾ ਗਿਆ ਹੈ। ਪਰਮੇਸ਼ੁਰ ਸਾਨੂੰ ਹਮੇਸ਼ਾ ਉਹ ਨਹੀਂ ਦਿੰਦਾ ਜੋ ਅਸੀਂ ਚਾਹੁੰਦੇ ਹਾਂ, ਪਰ ਉਹ ਸਾਨੂੰ ਉਹ ਜ਼ਰੂਰ ਦੇਵੇਗਾ ਜਿਸ ਦੀ ਸਾਨੂੰ ਲੋੜ ਹੈ।

*ਸਿੱਟਾ*/ ਯੂਹੰਨਾ ਨੇ ਇਹ ਦਿਲਾਸੇ ਭਰੇ ਸ਼ਬਦ ਲਿਖੇ: "ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਏਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ" (1 ਯੂਹੰਨਾ 5:14, 15)।

## ਰੋਜ਼ ਦੀ ਰੋਟੀ (23:12)

ਅੱਯੂਬ ਨੇ ਐਲਾਨ ਕੀਤਾ, "ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ ਆਪਣੇ ਜਰੂਰੀ ਭੋਜਨ ਨਾਲੋਂ ਵਧੀਕ ਕਦਰ ਕੀਤੀ" (23:12)। "ਜ਼ਰੂਰੀ ਭੋਜਨ" ਦੀ ਬਜਾਇ NIV ਬਾਈਬਲ ਵਿਚ "ਰੋਜ਼ ਦੀ ਰੋਟੀ" ਹੈ। ਹਰ ਕੋਈ ਜਾਣਦਾ ਹੈ ਕਿ ਰੋਜ਼ ਦੀ ਰੋਟੀ (ਭੋਜਨ) ਸਾਡੇ ਸਰੀਰਕ ਬਚਾਅ ਲਈ ਜ਼ਰੂਰੀ ਹੈ। ਜਦੋਂ ਯਿਸੂ ਨੇ ਆਪਣੇ ਚੇਲਿਆਂ ਨੂੰ ਪ੍ਰਾਰਥਨਾ ਕਰਨੀ ਸਿਖਾਈ, ਉਸ ਨੇ ਕਿਹਾ, "ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ" (ਮੱਤੀ 6:11)। ਇਸੇ ਤਰ੍ਹਾਂ, ਸਾਡੇ ਆਤਮਿਕ ਬਚਾਅ ਨੂੰ ਯਕੀਨੀ ਬਣਾਉਣ ਲਈ ਸਾਨੂੰ ਨਿਯਮਿਤ ਤੌਰ ਤੇ ਪਰਮੇਸ਼ੁਰ ਦੇ ਵਚਨ ਤੋਂ ਭੋਜਨ ਕਰਨਾ ਚਾਹੀਦਾ ਹੈ। ਡੀ. ਸਟੀਵਾਰਟ

## ਨਿਰੀ ਰੋਟੀ ਨਾਲ ਹੀ ਨਹੀਂ (23:12)

ਅੱਯੂਬ ਉਹ ਸਮਝ ਗਿਆ ਸੀ ਜੋ ਯਿਸੂ ਨੇ ਪਰਤਾਉਣ ਵਾਲੇ ਨੂੰ ਆਖਿਆ ਸੀ, "ਲਿਖਿਆ ਹੈ ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁਖੋਂ ਨਿੱਕਲਦਾ ਹੈ" (ਮੱਤੀ 4:4)। ਮੈਂ ਹੈਰਾਨ ਹਾਂ ਕਿ ਸਾਡੇ ਵਿੱਚੋਂ ਕਿੰਨੇ ਜਣੇ ਇਸ ਭਾਵਨਾ ਨੂੰ ਸਾਂਝੇ ਕਰਦੇ ਹਨ। ਕੀ ਅਸੀਂ *ਰੋਜ਼* ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨ ਅਤੇ ਉਸ ਤੇ ਧਿਆਨ ਕਰਨ ਵਿਚ ਸਮਾਂ ਬਿਤਾਉਂਦੇ ਹਾਂ? ਹਰ ਮਸੀਹੀ ਵਿਅਕਤੀ ਕੋਲ ਬਾਈਬਲ ਦਾ ਅਧਿਐਨ ਕਰਨ ਦਾ ਇਕ ਨਿੱਜੀ ਤਰੀਕਾ ਹੋਣਾ ਚਾਹੀਦਾ ਹੈ। ਸਾਲ ਵਿਚ ਪੂਰੀ ਬਾਈਬਲ ਨੂੰ ਪੜ੍ਹਨਾ ਇਕ ਬਹੁਤ ਵਧੀਆ ਅਭਿਆਸ ਹੈ। ਜਿਵੇਂ ਜ਼ਬੂਰ 119 ਵਿਚ ਜ਼ਬੂਰ ਲਿਖਣ ਵਾਲੇ ਨੇ ਕੀਤਾ, ਅਸੀਂ ਵੀ ਪਰਮੇਸ਼ੁਰ ਦਾ ਵਚਨ ਦੀ ਪ੍ਰਸ਼ੰਸਾ ਕਰ ਸਕਦੇ ਹਾਂ:

> ਧੰਨ ਓਹ ਹਨ ਜਿਹੜੇ ਪਰਮ ਚਾਲ ਹਨ, ਜਿਹੜੇ ਯਹੋਵਾਹ ਦੀ ਬਿਵਸਥਾ ਉੱਤੇ ਚੱਲਦੇ ਹਨ। ਧੰਨ ਓਹ ਹਨ ਜਿਹੜੇ ਉਹ ਦੀਆਂ ਸਾਖੀਆਂ ਨੂੰ ਮੰਨਦੇ, ਅਤੇ ਮਨੋਂ ਤਨੋਂ ਉਹ ਨੂੰ ਭਾਲਦੇ ਹਨ (119:1, 2)!
>
> ਜੁਆਨ ਕਿਦਾਂ ਆਪਣੀ ਚਾਲ ਨੂੰ ਸ਼ੁੱਧ ਰੱਖੇ? ਉਹ ਤੇਰੇ ਬਚਨ ਦੇ ਅਨੁਸਾਰ ਉਹ ਦੀ ਚੌਕਸੀ ਕਰੇ (119:9)।
>
> ਹੇ ਯਹੋਵਾਹ, ਤੂੰ ਆਪਣੀਆਂ ਬਿਧੀਆਂ ਦਾ ਰਾਹ ਮੈਨੂੰ ਸਿਖਲਾ, ਤਾਂ ਮੈਂ ਅੰਤ ਤੀਕ ਉਹ ਨੂੰ ਸੰਭਾਲੀ ਰੱਖਾਂਗਾ। ਮੈਨੂੰ ਸਮਝ ਦੇਹ ਅਤੇ ਮੈਂ ਤੇਰੀ ਬਿਵਸਥਾ ਨੂੰ ਸਾਂਭਾਂਗਾ, ਸਗੋਂ ਆਪਣੇ ਸਾਰੇ ਮਨ ਨਾਲ ਉਹ ਦੀ ਪਾਲਨਾ ਕਰਾਂਗਾ (119:33, 34)।
>
> ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ (119:105)।

ਤੇਰੀਆਂ ਸਾਖੀਆਂ ਅਚਰਜ ਹਨ, ਏਸ ਲਈ ਮੇਰੀ ਜਾਨ ਉਨ੍ਹਾਂ ਦੀ ਪਾਲਨਾ ਕਰਦੀ ਹੈ (119:129)!

**ਡੀ. ਸ਼ੈਕਲਫੋਰਡ**

---

## ਟਿੱਪਣੀਆਂ

[1]ਸੈਮੂਏਲ ਕੋਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੋਲ, ਟਰੈਂਚ ਐਂਡ ਕੰਪਨੀ, 1885), 308. [2]ਕੁਝ ਅਨੁਵਾਦਾਂ ਵਿਚ "ਵਿਦਰੋਹ" ਦੀ ਬਜਾਇ "ਕੋੜਾ" ਹੈ (KJV; NKJV; RSV; NRSV; NIV; NJPSV; CEV; NLT)। ਅੱਯੂਬ ਦੇ "ਕੋੜੇ" ਵਿਦਰੋਹ ਲਈ, 7:11; 10:1 ਵੇਖੋ। [3]ਜੌਨ ਈ. ਹਾਰਟਲੀ *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 338, ਨੰ. 8. [4]ਰੌਬਰਟ ਐਲ. ਐਲਡਨ *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 240. [5]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੋਧ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 2:1224. [6]ਹਾਰਟਲੀ, 338, ਨੰ. 9. [7]ਕੋਹਲਰ ਅਤੇ ਬਾਉਮਗਾਰਟਨਰ, 2:1986. [8]ਐਲਡਨ, 241. [9]ਉਸੇ ਸਥਾਨ ਤੇ, 242. [10]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨ-ਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 202.

[11]ਇਬਰਾਨੀ ਲਿਖਤ ਨੂੰ ਦੁਹਰਾਉਣ ਦੇ ਆਧਾਰ ਤੇ, ਕੁਝ ਅਨੁਵਾਦ ਕਹਿੰਦੇ ਹਨ, "ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ *ਆਪਣੇ ਸੀਨੇ* [ਜਾਂ, ਦਿਲ ] *ਵਿਚ* ਵਧੀਕ ਕਦਰ ਕੀਤੀ" (ਐਲਡਨ ਦੀ ਪੁਸਤਕ ਦਾ ਸਫ਼ਾ 242 ਵੇਖੋ)। [12]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 211. [13]ਕੋਹਲਰ ਅਤੇ ਬਾਉਮਗਾਰਟਨਰ, 2:1036.